# ਪ੍ਰਧਾਨ ਮੰਤਰੀ ਦੁਆਰਾ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨਾਲ ਮੀਟਿੰਗ

24 ਮਈ, 2023

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 24 ਮਈ 2023 ਨੂੰ ਆਸਟ੍ਰੇਲੀਆ ਵਿੱਚ ਸਿਡਨੀ ਦੇ ਐਡਮਿਰਲਟੀ ਹਾਊਸ ਵਿਖੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਮਾਣਯੋਗ ਮਿਸਟਰ ਐਂਥਨੀ ਐਲਬਨੀਜ਼ ਨਾਲ ਦੁਵੱਲੀ ਮੀਟਿੰਗ ਕੀਤੀ।

2. ਪ੍ਰਧਾਨ ਮੰਤਰੀ ਦਾ ਐਡਮਿਰਲਟੀ ਹਾਊਸ ਵਿਖੇ ਪਹੁੰਚਣ 'ਤੇ ਰਸਮੀ ਸੁਆਗਤ ਅਤੇ ਗਾਰਡ ਆਫ਼ ਆਨਰ ਦਿੱਤਾ ਗਿਆ।

3. ਦੋਵੇਂ ਨੇਤਾਵਾਂ ਨੇ ਨਵੀਂ ਦਿੱਲੀ ਵਿੱਚ ਮਾਰਚ 2023 ਨੂੰ ਆਯੋਜਿਤ ਆਪਣੇ ਪਹਿਲੇ ਉਸਾਰੂ ਸਲਾਨਾ ਲੀਡਰਸ ਸਿਖਰ ਸੰਮੇਲਨ ਦਾ ਜ਼ਿਕਰ ਕੀਤਾ ਅਤੇ ਬਹੁਪੱਖੀ ਭਾਰਤ-ਆਸਟ੍ਰੇਲੀਆ ਵਿਆਪਕ ਰਣਨੀਤਕ ਭਾਈਵਾਲੀ ਨੂੰ ਹੋਰ ਵਿਸਥਾਰਤ ਅਤੇ ਡੂੰਘਾ ਕਰਨ ਸਬੰਧੀ ਆਪਣੀ ਵਚਨਬੱਧਤਾ ਨੂੰ ਪ੍ਰਗਟਾਇਆ।

4. ਚਰਚਾ ਦਾ ਵਿਸ਼ਾ ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਨਿਵੇਸ਼, ਨਵੀਂ ਅਤੇ ਨਵਿਆਉਣਯੋਗ ਊਰਜਾ, ਗ੍ਰੀਨ ਹਾਈਡ੍ਰੋਜਨ, ਵਿਸੇਸ਼ ਖਣਿਜ, ਸਿੱਖਿਆ, ਪ੍ਰਵਾਸ ਅਤੇ ਗਤੀਸ਼ੀਲਤਾ ਸਮੇਤ ਲੋਕਾਂ ਦੇ ਆਪਸੀ ਸਬੰਧਾਂ ਦੇ ਸਹਿਯੋਗ 'ਤੇ ਕੇਂਦਰਿਤ ਸੀ।

5. ਦੋਵਾਂ ਨੇਤਾਵਾਂ ਨੇ ਭਾਰਤ-ਆਸਟ੍ਰੇਲੀਆ ਮਾਈਗ੍ਰੇਸ਼ਨ ਐਂਡ ਮੋਬਿਲਿਟੀ ਪਾਰਟਨਰਸ਼ਿਪ ਅਰੇਂਜਮੈਂਟ (ਐੱਮ.ਐੱਮ.ਪੀ.ਏ.) 'ਤੇ ਹਸਤਾਖਰ ਕੀਤੇ ਜਾਣ ਦਾ ਸੁਆਗਤ ਕੀਤਾ ਜੋ ਵਿਦਿਆਰਥੀਆਂ, ਪੇਸ਼ੇਵਰਾਂ, ਖੋਜਕਰਤਾਵਾਂ, ਅਕਾਦਮਿਕਾਂ ਅਤੇ ਹੋਰਾਂ ਦੂਸਰਿਆਂ ਦੀ ਗਤੀਸ਼ੀਲਤਾ ਨੂੰ ਸੁਖਾਲਾ ਕਰੇਗਾ। ਇਸ ਤਹਿਤ ਇੱਕ ਨਵੀਂ ਯੋਜਨਾ ਐਮਏਟੀਈਐੱਸ (ਮੋਬਿਲਿਟੀ ਅਰੇਂਜਮੈਂਟ ਫਾਰ ਟੈਲੇਂਟਡ ਅਰਲੀ ਪ੍ਰੋਫੈਸ਼ਨਲਜ਼ ਸਕੀਮ) ਬਣਾਈ ਗਈ ਹੈ ਜੋ ਖਾਸ ਤੌਰ 'ਤੇ ਭਾਰਤ ਲਈ ਹੈ।

6. ਉਨ੍ਹਾਂ ਨੇ ਭਾਰਤ-ਆਸਟ੍ਰੇਲੀਆ ਹਾਈਡ੍ਰੋਜਨ ਟਾਸਕ ਫੋਰਸ ਦੇ ਸੰਦਰਭ ਦੀਆਂ ਸ਼ਰਤਾਂ ਨੂੰ ਅੰਤਿਮ ਰੂਪ ਦੇਣ ਦਾ ਸੁਆਗਤ ਵੀ ਕੀਤਾ ਜੋ ਕਿ ਹਾਈਡ੍ਰੋਜਨ ਇਲੈਕਟ੍ਰੋਲਾਈਜ਼ਰ, ਫਿਊਲ ਸੈੱਲਾਂ ਦੇ ਨਾਲ-ਨਾਲ ਬੁਨਿਆਦੀ ਢਾਂਚੇ ਅਤੇ ਮਿਆਰਾਂ ਸਮੇਤ ਨਿਯਮਾਂ ਦਾ ਸਮਰਥਨ ਕਰਨ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਸਾਫ਼-ਸੁਥਰੀ ਹਾਈਡ੍ਰੋਜਨ ਦੇ ਨਿਰਮਾਣ ਅਤੇ ਤਾਇਨਾਤੀ ਨੂੰ ਤੇਜ਼ ਕਰਨ ਦੇ ਮੌਕਿਆਂ ਬਾਰੇ ਸਲਾਹ ਦੇਵੇਗੀ। .

7. ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਸਬੇਨ ਵਿੱਚ ਭਾਰਤੀ ਕੌਂਸਲੇਟ ਜਨਰਲ ਦੀ ਸਥਾਪਨਾ ਲਈ ਆਸਟਰੇਲੀਆ ਦੇ ਸਮਰਥਨ ਦਾ ਧੰਨਵਾਦ ਕੀਤਾ।

8. ਦੋਵਾਂ ਨੇਤਾਵਾਂ ਨੇ ਨਿਯਮ-ਅਧਾਰਿਤ ਅੰਤਰਰਾਸ਼ਟਰੀ ਆਦੇਸ਼ 'ਤੇ ਆਧਾਰਿਤ, ਸ਼ਾਂਤੀਪੂਰਨ, ਖੁਸ਼ਹਾਲ ਅਤੇ ਸੰਮਲਿਤ ਹਿੰਦ-ਪ੍ਰਸ਼ਾਂਤ ਖੇਤਰ ਨੂੰ ਯਕੀਨੀ ਬਣਾਉਣ ਲਈ ਆਪਣੇ ਦ੍ਰਿੜ ਸੰਕਲਪ ਨੂੰ ਦੁਹਰਾਇਆ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੁਧਾਰ 'ਤੇ ਵੀ ਚਰਚਾ ਕੀਤੀ।

7. ਪ੍ਰਧਾਨ ਮੰਤਰੀ ਅਲਬਾਨੀਜ਼ ਨੇ ਭਾਰਤ ਦੀ ਜੀ-20 ਪ੍ਰਧਾਨਗੀ ਅਤੇ ਪਹਿਲਕਦਮੀਆਂ ਸਬੰਧੀ ਆਸਟ੍ਰੇਲੀਆ ਦੇ ਮਜ਼ਬੂਤ ਸਮਰਥਨ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਮੰਤਰੀ ਸਤੰਬਰ 2023 ਵਿੱਚ ਨਵੀਂ ਦਿੱਲੀ ਵਿੱਚ ਜੀ-20 ਸਿਖਰ ਸੰਮੇਲਨ ਲਈ ਪ੍ਰਧਾਨ ਮੰਤਰੀ ਅਲਬਾਨੀਜ਼ ਦਾ ਸੁਆਗਤ ਕਰਨ ਲਈ ਉਤਸੁਕ ਹਨ।

**ਸਿਡਨੀ**
**24 ਮਈ, 2023**